# ਮਨੋਰੰਜਨ ਮੇਲਾ ਮਾਘੀ-2021 ਸੰਬਧੀ ਸ਼ਰਤਾਂ

## (ਮੇਲਾ ਮੈਦਾਨ ਹਿੱਤ )

1 ਇਹ ਮੇਲਾ ਮਿਤੀ 06-01-2021 ਤੋ 31-01-2021 ਤੱਕ ਚੱਲੇਗਾ।ਮੌਸਮ/ਬਾਰਿਸ਼ ਦੇ ਕਾਰਨ ਸਮੇਂ ਦੀ ਮਿਆਦ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ।ਜੇਕਰ ਮੇਲੇ ਵਿੱਚ ਝੂਲੇ,ਜਾਦੂ ਸ਼ੋਅ,ਸਰਕਸ ਅਤੇ ਹੋਰ ਸਟਾਲਾ ਆਦਿ ਵਿੱਚ ਕਿਸੇ ਤਰ੍ਹਾਂ ਦਾ ਕਿਸੇ ਵੀ ਕਾਰਨ ਜਾਨੀ ਮਾਲੀ ਨੁਕਸਾਨ ਹੁੰਦਾ ਹੈ ਤਾਂ ਇਸ ਦੀ ਜਿੰਮੇਵਾਰੀ ਟੈਂਡਰਕਾਰ ਦੀ ਹੋਵੇਗੀ।

2 ਮਨੋਰੰਜਨ ਮੇਲੇ ਲਈ 5 (ਪੰਜ) ਏਕੜ ਥਾਂ ਦਾ ਪ੍ਰਬੰਧ ਪ੍ਰਸ਼ਾਸਨ ਵੱਲੋਂ ਕੀਤਾ ਜਾਵੇਗਾ।

3 ਟੈਂਡਰ ਭਰਨ ਦੀ ਘੱਟੋ ਘੱਟ ਨਿਸ਼ਚਿਤ ਸਰਕਾਰੀ ਰਾਸ਼ੀ ਉੱਕਾ ਪੁੱਕਾ 45,00,000/- ਰੁ: ਹੋਵੇਗੀ ਅਤੇ ਜੀ.ਐਸ.ਟੀ ਰੈੱਡ ਕਰਾਸ ਵਲੋਂ ਅਦਾ ਕੀਤਾ ਜਾਵੇਗਾ।ਇਸ ਤੋਂ ਘੱਟ ਰਾਸ਼ੀ ਦੇ ਟੈਂਡਰ ਸਵੀਕਾਰ ਨਹੀ ਕੀਤੇ ਜਾਣਗੇ।

4 ਟੈਂਡਰ ਭਰਨ ਵਾਲੇ ਵਿਅਕਤੀ ਵੱਲੋਂ ਸਕਿਊਰਟੀ ਵੱਜੋਂ 5,00,000/-ਰੁ: ਦੀ ਰਾਸ਼ੀ ਜਮ੍ਹਾਂ ਕਰਵਾਈ ਜਾਵੇਗੀ।ਜਿਸ ਵਿਅਕਤੀ ਦੇ ਨਾਮ ਤੇ ਟੈਂਡਰ ਹੋਵੇਗਾ ਉਸ ਵੱਲੋਂ ਮੌਕੇ ਤੇ 25 ਪ੍ਰਤੀਸ਼ਤ ਦੀ ਰਕਮ ਬੈਂਕ ਡਰਾਫਟ ਜਾਂ ਨਗਦ ਜਾਂ ਚੈੱਕ ਅਤੇ ਬਾਕੀ ਤਿੰਨ ਬਰਾਬਰ ਕਿਸ਼ਤਾਂ ਦੇ (25-25-25 ਪ੍ਰਤੀਸ਼ਤ ਕਿਸ਼ਤਾ) ਰੂਪ ਵਿਚ ਲਏ ਜਾਣਗੇ।ਪਹਿਲੀ 25% ਦੀ ਕਿਸ਼ਤ ਮਿਤੀ 15-01-2021,ਦੂਜੀ 25% ਦੀ ਕਿਸ਼ਤ ਮਿਤੀ 22-01-2021 ਅਤੇ ਆਖਰੀ 25% ਦੀ ਕਿਸ਼ਤ ਮਿਤੀ 30-01-2021 ਨੂੰ ਅਦਾ ਕਰਨੀ ਹੋਵੇਗੀ। ਜਿਸ ਸਬੰਧੀ ਸਫਲ ਟੈਂਡਰਕਾਰ ਨੇ ਅਡਵਾਂਸ ਚੈਂਕ ਰੈੱਡ ਕਰਾਸ ਨੂੰ ਦੇਣਗੇ।ਸਕਿਊਰਟੀ ਦੀ ਰਕਮ ਆਖਰੀ ਕਿਸ਼ਤ ਵਿੱਚ ਅਡਜੱਸਟ ਕੀਤੀ ਜਾਵੇਗੀ

5 ਟੈਂਡਰ ਮਿਤੀ <u>21-12-2020</u> ਨੂੰ 12:00 ਵਜੇ ਤੱਕ ਰੈਡ ਕਰਾਸ ਦਫ਼ਤਰ ਵਿਚ ਮੋਹਰ ਬੰਦ ਲਿਫ਼ਾਫੇ ਵਿੱਚ ਜਾਂ ਦਸਤੀ ਰੂਪ/ ਰਜਿਸਟਰਡ ਡਾਕ ਰਾਹੀਂ ਪ੍ਰਾਪਤ ਕੀਤੇ ਜਾਣਗੇ।ਡਾਕ ਰਾਹੀਂ ਭੇਜੇ ਗਏ ਟੈਂਡਰ ਲੇਟ ਹੋਣ ਦੀ ਸੂਰਤ ਵਿੱਚ ਰੱਦ ਸਮਝੇ ਜਾਣਗੇ।

6 ਟੈਂਡਰ ਮਿਤੀ <u>21 -12-2020</u> ਨੂੰ ਡੀ.ਸੀ ਸਾਹਿਬ ਜਾਂ ਉਨ੍ਹਾਂ ਵੱਲੋਂ ਗਠਿਤ ਕੀਤੀ ਕਮੇਟੀ ਦੀ ਹਾਜ਼ਰੀ ਵਿੱਚ ਟੈਂਡਰਕਾਰਾਂ ਜਾਂ ਉਹਨਾਂ ਵੱਲੋਂ ਮਨੋਨੀਤ ਏਜੰਟਾਂ ਦੀ ਹਾਜ਼ਰੀ ਵਿੱਚ ਖੋਲੇ ਜਾਣਗੇ ਜਿਹੜੇ ਮੌਕੇ ਤੇ ਮੌਜੂਦ ਹੋਣਗੇ ਅਤੇ ਹਾਜ਼ਰ ਹੋਣਾ ਚਾਹੁੰਣਗੇ।

7 ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ,ਸ੍ਰੀ ਮੁਕਤਸਰ ਸਾਹਿਬ ਜੀ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਟੈਂਡਰਕਾਰ ਨੂੰ ਬਿਨਾਂ ਕਾਰਨ ਦੱਸਿਆ ਟੈਂਡਰ ਰੱਦ ਕਰ ਸਕਦੇ ਹਨ।

8 ਕੋਵਿਡ-19 ਦੀ ਵਜ੍ਹਾ ਕਰਕੇ ਸਰਕਾਰ ਵਲੋਂ ਪ੍ਰਾਪਤ ਗਾਈਡਲਾਈਨਜ਼/ਹਦਾਇਤਾਂ ਦੀ ਪੂਰੀ ਤਰਾਂ ਨਾਲ ਪਾਲਣਾ ਕਰਨੀ ਹੋਵੇਗੀ।

9 ਕਰੋਨਾ ਮਹਾਂਮਾਰੀ ਕਾਰਣ ਜੇਕਰ ਸਰਕਾਰ ਵਲੋਂ ਕੋਈ ਪਾਬੰਦੀ ਲਗਾਈ ਜਾਵੇਗੀ ਤਾਂ ਮੌਕੇ ਦੀ ਸਥਿਤੀ ਅਨੁਸਾਰ ਠੇਕੇ ਦੀ ਰਾਸ਼ੀ ਨੂੰ ਘਟਾਉਣ ਸਬੰਧੀ ਫੈਸਲਾ ਲੈਣ ਦੇ ਅਧਿਕਾਰ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜੀਆਂ ਨੂੰ ਹੋਣਗੇ।

10 ਮੇਲੇ ਵਿਚ ਹੋਣ ਵਾਲੇ ਨਫੇ ਨੁਕਸਾਨ ਦਾ ਟੈਂਡਰਕਾਰ ਖੁਦ ਜਿੰਮੇਵਾਰ ਹੋਵੇਗਾ।

11 ਟੈਂਡਰਕਾਰ ਸਰਕਾਰੀ ਅਦਾਰਿਆਂ/ਰੈਡ ਕਰਾਸ ਵਾਸਤੇ ਪ੍ਰਬੰਧਕਾਂ ਵੱਲੋਂ ਦੱਸੇ ਗਏ ਸਟਾਲ ਦੇਣ ਵਾਸਤੇ ਪ੍ਰਤੀਬੱਧ ਹੋਵੇਗਾ।

12 ਟੈਂਡਰਕਾਰ ਵੱਲੋਂ ਮੇਲੇ ਵਿੱਚ ਲਗਾਏ ਗਏ ਝੂਲਿਆਂ ਦੇ ਦਰੁਸਤ ਹੋਣ ਸਬੰਧੀ ਸਰਟੀਫਿਕੇਟ ਵਰਕਸ ਮੈਨੇਜਰ ਪੰਜਾਬ ਰੋਡਵੇਜ਼,ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਾਪਤ ਕਰਕੇ ਸੁਸਾਇਟੀ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ।

13 ਟੈਂਡਰਕਾਰ ਵੱਲੋਂ ਮੇਲਾ ਗਰਾਊਂਡ ਵਿੱਚ ਅੱਗ ਬੁਝਾਊ ਯੰਤਰ ਦਾ ਪ੍ਰਬੰਧ ਹਰ ਸਮੇਂ ਤਿਆਰ ਰੱਖਿਆ ਜਾਵੇਗਾ।ਇਸ ਤੋ ਇਲਾਵਾ ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸ ਪਾਸੋਂ ਇਤਰਾਜ਼ਹੀਣਤਾ ਸਰਟੀਫਿਕੇਟ ਅਤੇ PSPCL ਤੋਂ ਬਿਜਲੀ ਸੇਫਟੀ ਸਰਟੀਫਿਕੇਟ ਲੈ ਕੇ ਦਿੱਤਾ ਜਾਵੇਗਾ।

14 ਮੇਲਾ ਗਰਾਊਂਡ ਵਿੱਚ ਲਾਈਟ/ਜਨਰੇਟਰ ਦਾ ਮੁਕੰਮਲ ਪ੍ਰਬੰਧ ਮੇਲਾ ਟੈਂਡਰਕਾਰ ਵੱਲੋਂ ਕੀਤਾ ਜਾਵੇਗਾ।

15 ਮੇਲਾ ਗਰਾਊਂਡ ਅੰਦਰ ਮੇਲਾ ਟੈਂਡਰਕਾਰ ਵੱਲੋਂ ਪੁਰਸ਼ਾਂ ਅਤੇ ਇਸਤਰੀਆਂ ਵਾਸਤੇ ਲੋੜ ਅਨੁਸਾਰ ਵੱਖ-ਵੱਖ ਬਾਥਰੂਮਾਂ ਦਾ ਪ੍ਰਬੰਧ ਕੀਤਾ ਜਾਵੇਗਾ।

16 ਟੈਂਡਰਕਾਰ ਇਸ ਗੱਲ ਦਾ ਧਿਆਨ ਰੱਖੇਗਾ ਕਿ ਨਿੱਜੀ, ਜਨਤਕ ਪ੍ਰਾਪਰਟੀ ਅਤੇ ਦਰਖੱਤਾਂ/ਵਾਤਾਵਰਨ ਨੂੰ ਨੁਕਸਾਨ ਨਾ ਪਹੁੰਚੇ।

17 ਮਨੋਰੰਜਨ ਮੇਲੇ ਵਿੱਚ ਲਾਊਡ ਸਪੀਕਰਾਂ ਦੀ ਵਰਤੋਂ ਰਾਤ 10:00 ਵਜੇ ਤੋਂ ਬਾਅਦ ਨਹੀਂ ਕੀਤੀ ਜਾਵੇਗੀ।

18 ਟੈਂਡਰਕਾਰ ਸੰਕਟ ਸਮੇਂ ਆਉਣ ਜਾਣ ਦੇ ਖੁੱਲ੍ਹੇ ਰਸਤੇ ਅਤੇ ਐਬੂਲੈਂਸ/ ਪੁਲਿਸ ਗੱਡੀਆਂ ਲਈ ਲਾਂਘੇ ਦਾ ਪ੍ਰਬੰਧ ਕਰੇਗਾ।

19 ਟੈਂਡਰਕਾਰ ਮੇਲਾ ਗਰਾਊਡ ਵਿੱਚ ਲੋੜ ਅਨੁਸਾਰ ਸੀ.ਸੀ.ਟੀ.ਵੀ ਕੈਮਰਿਆਂ ਅਤੇ ਰਿਕਾਰਡਿੰਗ ਦਾ ਇੰਤਜ਼ਾਮ ਕਰੇਗਾ।

20 ਟੈਂਡਰਕਾਰ ਮਨੋਰੰਜਨ ਮੇਲੇ ਦੀ ਗਰਾਊਂਡ ਦਾ ਇਕ ਨਕਸ਼ਾ ਮੇਲਾ ਕਮੇਟੀ ਦੇ ਗੌਰ ਕਰਨ ਲਈ ਮੁਹੱਈਆ ਕਰਵਾਏਗਾ।

21 ਮੇਲਾ ਗਰਾਊਂਡ ਅੰਦਰ ਟੈਂਡਰਕਾਰ ਵੱਲੋਂ ਸਾਫ-ਸਫ਼ਾਈ ਦਾ ਪ੍ਰਬੰਧ ਖਾਸ ਤੌਰ ਤੇ ਰੱਖਿਆ ਜਾਵੇਗਾ।ਮੇਲਾ ਖਤਮ ਹੋਣ ਉਪਰੰਤ ਮੇਲਾ ਗਰਾਊਂਡ ਦੀ ਪੂਰੀ ਸਾਫ-ਸਫਾਈ ਲਈ ਟੈਂਡਰਕਾਰ ਜਿੰਮੇਵਾਰ ਹੋਵੇਗਾ।

22 ਮੇਲਾ ਗਰਾਊਂਡ ਦੇ ਅੰਦਰ ਜੂਆ ਖੇਡਣ ਜਾਂ ਹੋਰ ਗੈਰ ਕਾਨੂੰਨੀ ਗਤੀਵਿਧੀਆਂ ਦੀ ਮਨਾਹੀ ਹੋਵੇਗੀ।

23 ਸਮਾਜਿਕ ਬੁਰਾਈਆਂ ਪ੍ਰਤੀ ਲੋਕਾਂ ਨੂੰ ਜਾਗਰਿਤ ਕਰਨ ਸਬੰਧੀ ਘੱਟ ਤੋ ਘੱਟ ਦੋ ਸਟਾਲ ਲਗਾਏ ਜਾਣਗੇ।

24 ਮੇਲਾ ਗਰਾਊਂਡ ਦੇ ਅੰਦਰ ਕਿਸੇ ਤਰ੍ਹਾਂ ਦੀਆਂ ਨਸ਼ੀਲੀਆਂ ਵਸਤੂਆਂ ਦੀ ਵਰਤੋਂ ਅਤੇ ਵਿਕਰੀ ਨਹੀ ਕੀਤੀ ਜਾਵੇਗੀ।

Scanned with CamScanner

25 ਮੇਲਾ ਗਰਾਊਂਡ ਅੰਦਰ ਧਰਮ, ਜਾਤ-ਪਾਤ ਸਬੰਧੀ ਅਸ਼ਲੀਲ ਤੇ ਗੈਰ ਸਭਿਅਕ ਪ੍ਰੋਗਰਾਮ ਪੇਸ਼ ਨਹੀ ਕੀਤੇ ਜਾਣਗੇ।

26 ਵਹੀਕਲਾਂ ਦੀ ਪਾਰਕਿੰਗ ਦਾ ਪ੍ਰਬੰਧ ਮੇਲਾ ਟੈਂਡਰਕਾਰ ਵੱਲੋਂ ਖੁਦ ਕੀਤਾ ਜਾਵੇਗਾ।

27 ਮੇਲਾ ਗਰਾਊਂਡ ਅੰਦਰ ਟੈਂਡਰਕਾਰ ਪੀਣ ਵਾਲੇ ਸਾਫ਼ ਪਾਣੀ ਦਾ ਪੂਰਾ ਪ੍ਰਬੰਧ ਰੱਖੇਗਾ।

28 ਕਿਸੇ ਵੀ ਕਾਰਜਕਾਰੀ ਮੈਜਿਸਟ੍ਰੇਟ ਜਾਂ ਪੁਲਿਸ ਅਧਿਕਾਰੀ ਵੱਲੋਂ ਸੰਕਟ ਕਾਲੀਨ/ ਹੰਗਾਮੀ ਹਾਲਾਤ ਦੇ ਮੱਦੇਨਜ਼ਰ ਜਦੋਂ ਵੀ ਕੋਈ ਦਿਸ਼ਾ ਨਿਰਦੇਸ਼ ਦਿੱਤੇ ਜਾਂਦੇ ਹਨ ਤਾਂ ਮੇਲਾ ਟੈਂਡਰਕਾਰ ਵੱਲੋਂ ਉਸਦੀ ਤੁਰੰਤ ਪਾਲਣਾ ਯਕੀਨੀ ਬਣਾਈ ਜਾਵੇਗੀ।

29 ਮੇਲੇ ਸਬੰਧੀ ਸ਼ਰਤਾਂ ਵਿੱਚ ਕਿਸੇ ਤਰ੍ਹਾਂ ਦੀ ਕੋਈ ਤਬਦੀਲੀ ਕੇਵਲ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ, ਸ੍ਰੀ ਮੁਕਤਸਰ ਸਾਹਿਬ ਜੀ ਦੇ ਹੁਕਮਾਂ ਨਾਲ ਹੀ ਕੀਤੀ ਜਾਵੇਗੀ।

30 ਹਰੇਕ ਟੈਂਡਰਕਾਰ ਨੂੰ ਅਰਜੀ ਫਾਰਮ ਦੇ ਨਾਲ ਸਕੱਤਰ,ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ,ਸ੍ਰੀ ਮੁਕਤਸਰ ਸਾਹਿਬ ਵਲੋਂ ਜਾਰੀ ਬੇ-ਬਾਕੀ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ। ਕਿਸੇ ਵੀ ਬਲੈਕਲਿਸਟ/ਡਿਫਾਲਟਰ ਵਿਅਕਤੀ ਨੂੰ ਟੈਂਡਰ ਭਰਨ ਦੀ ਆਗਿਆ ਨਹੀਂ ਹੋਵੇਗੀ।

31 ਟੈਂਡਰਕਾਰ Punjab Goods & Service Tax Act, 2017 ਮੁਤਾਬਿਕ ਫਰਮ ਦੇ ਤੌਰ ਤੇ ਰਜਿਸਟਰਡ ਹੋਣ ਦਾ ਸਰਟੀਫਿਕੇਟ ਦੇਵੇਗਾ।

32 ਰਜਿਸਟਰਡ ਫਰਮ ਨਾ ਹੋਣ ਦੀ ਹਾਲਤ ਵਿੱਚ ਟੈਂਡਰਕਾਰ ਲਿਖਤੀ ਰੂਪ ਵਿੱਚ ਇਕਰਾਰ ਕਰੇਗਾ ਕਿ ਅਲਾਟਮੈਂਟ ਉਪਰੰਤ ਉਹ Casual Taxable Person (CTP) ਦੀ ਰਜਿਸਟ੍ਰੇਸ਼ਨ ਕਰਵਾਏਗਾ।

33 ਸਫਲ ਟੈਂਡਰਕਾਰ ਆਪਣੇ invoice/entry slips ਸਹੀ ਹੋਣ ਦਾ ਸਰਟੀਫਿਕੇਟ ਸਹਾਇਕ ਕਮਿਸ਼ਨਰ, ਰਾਜਕਰ ਸ੍ਰੀ ਮੁਕਤਸਰ ਸਾਹਿਬ ਦੇ ਦਫ਼ਤਰ ਤੋਂ ਪ੍ਰਾਪਤ ਕਰਨ ਉਪਰੰਤ ਮੇਲੇ ਤੋਂ ਪਹਿਲਾ ਸੁਸਾਇਟੀ ਦੇ ਦਫ਼ਤਰ ਜਮ੍ਹਾਂ ਕਰਵਾਏਗਾ।

ਡਿਪਟੀ ਕਮਿਸ਼ਨਰ-ਕਮ-ਪ੍ਰਧਾਨ,
ਜ਼ਿਲ੍ਹਾ ਰੈਡ ਕਰਾਸ ਸੁਸਾਇਟੀ,
ਸ੍ਰੀ ਮੁਕਤਸਰ ਸਾਹਿਬ।

Scanned with CamScanner